# ਤੁਹਾਨੂੰ ਪੈਕਸਲਵਿਡ ਬਾਰੇ ਕੀ ਜਾਣਨ ਦੀ ਲੋੜ ਹੈ

## ਪੈਕਸਲਵਿਡ ਕੀ ਹੈ?

ਪੈਕਸਲਵਿਡ ਇਕ ਦਵਾਈ ਹੈ ਜੋ ਕੋਵਿਡ-19 ਤੋਂ ਬੀਮਾਰ ਹੋਣ ਤੋਂ ਰੋਕਥਾਮ ਕਰਨ ਵਿੱਚ ਤੁਹਾਡੀ ਮਦਦ ਕਰਦੀ ਹੈ।

ਇਸ ਵਿੱਚ ਦੋ ਦਵਾਈਆਂ (ਨਿਰਮਾਟਰੈਲਵੀਰ ਅਤੇ ਰੀਟੋਨਾਵੀਰ) ਹਨ, ਜਿਹੜੀਆਂ ਤੁਹਾਡੇ ਸਰੀਰ ਅੰਦਰ ਕੋਵਿਡ-19 ਦੇ ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਰਲ ਕੇ ਕੰਮ ਕਰਦੀਆਂ ਹਨ।

ਪੈਕਸਲਵਿਡ ਤੁਹਾਡੇ ਲੱਛਣਾਂ ਦੀ ਬਦਤਰ ਹੋਣ ਤੋਂ ਰੋਕਥਾਮ ਕਰ ਸਕਦੀ ਹੈ ਅਤੇ ਕੋਵਿਡ-19 ਕਰਕੇ ਤੁਹਾਡੇ ਹਸਪਤਾਲ ਜਾਣ ਦੀ ਲੋੜ ਦੇ ਮੌਕਿਆਂ ਨੂੰ ਘਟਾ ਸਕਦੀ ਹੈ।

**ਪੈਕਸਲਵਿਡ ਤੁਹਾਨੂੰ ਕੋਵਿਡ-19 ਦੀ ਇਨਫੈਕਸ਼ਨ ਦੁਬਾਰਾ ਹੋਣ ਤੋਂ ਰੋਕਥਾਮ ਨਹੀਂ ਕਰੇਗੀ।**
**ਪੈਕਸਲਵਿਡ ਵੈਕਸੀਨ ਦਾ ਬਦਲ ਨਹੀਂ ਹੈ। ਕੋਵਿਡ-19 ਦੀ ਗੰਭੀਰ ਇਨਫੈਕਸ਼ਨ ਤੋਂ ਬਚਣ ਦੀ ਸਭ ਤੋਂ ਵਧੀਆ ਸਰੁੱਖਿਆ ਵੈਕਸੀਨਾਂ ਨਾਲ ਅਪ-ਟੂ-ਡੇਟ ਰਹਿਣਾ ਹੈ।**

## ਪੈਕਸਲਵਿਡ ਕਿਸ ਨੂੰ ਲੈਣੀ ਚਾਹੀਦੀ ਹੈ?

ਜੇ ਤੁਹਾਨੂੰ ਕੋਵਿਡ-19 ਤੋਂ ਗੰਭੀਰ ਬੀਮਾਰ ਹੋਣ ਦਾ ਖਤਰਾ ਹੈ ਤਾਂ ਤੁਸੀਂ ਪੈਕਸਲਵਿਡ ਲੈ ਸਕਦੇ ਹੋ। ਇਸ ਵਲੋਂ ਚੰਗੀ ਤਰ੍ਹਾਂ ਕੰਮ ਕਰਨ ਲਈ ਤੁਹਾਨੂੰ ਲੱਛਣਾਂ ਦੇ ਜ਼ਾਹਰ ਹੋਣ ਤੋਂ ਬਾਅਦ ਦੇ ਪੰਜ ਦਿਨਾਂ ਦੇ ਵਿੱਚ ਵਿੱਚ ਪੈਕਸਲਵਿਡ ਨੂੰ ਲੈਣਾ ਸ਼ੁਰੂ ਕਰਨਾ ਜ਼ਰੂਰੀ ਹੈ।

ਤੁਹਾਨੂੰ ਗੰਭੀਰ ਬੀਮਾਰੀ ਹੋਣ ਦਾ ਖਤਰਾ ਤੁਹਾਡੀ ਸਿਹਤ, ਉਮਰ ਅਤੇ ਤੁਹਾਡੀ ਵੈਕਸੀਨ ਲਵਾਉਣ ਦੀ ਸਥਿਤੀ `ਤੇ ਨਿਰਭਰ ਕਰਦਾ ਹੈ।

ਕੋਈ ਸਿਹਤ ਸੰਭਾਲ ਪ੍ਰਦਾਨ ਕਰਨ ਵਾਲਾ ਤੁਹਾਨੂੰ ਦੱਸ ਸਕਦਾ ਹੈ ਕਿ ਕੀ ਤੁਹਾਨੂੰ ਗੰਭੀਰ ਬੀਮਾਰੀ ਹੋਣ ਦਾ ਖਤਰਾ ਹੈ। ਇਹ ਦੇਖਣ ਲਈ ਕਿ ਕੀ ਤੁਹਾਨੂੰ ਗੰਭੀਰ ਬੀਮਾਰੀ ਹੋਣ ਦਾ ਖਤਰਾ ਹੈ, **https://covid-19.ontario.ca/covid-treatment-screener** `ਤੇ ਜਾ ਕੇ ਓਨਟਾਰੀਓ ਦਾ ਸਕਰੀਨਰ ਟੂਲ ਵੀ ਵਰਤ ਸਕਦੇ ਹੋ।

ਤੁਹਾਨੂੰ ਜ਼ਿਆਦਾ ਖਤਰਾ ਹੋ ਸਕਦਾ ਹੈ, ਜੇ ਤੁਸੀਂ:

- ✓ 60 ਸਾਲ ਜਾਂ ਵੱਧ ਉਮਰ ਦੇ ਹੋ;
- ✓ 18 ਸਾਲ ਜਾਂ ਵੱਧ ਉਮਰ ਦੇ ਹੋ ਅਤੇ ਤੁਹਾਡਾ ਬੀਮਰੀਆਂ ਨਾਲ ਲੜਨ ਵਾਲਾ ਸਿਸਟਮ ਕਮਜ਼ੋਰ ਹੈ (ਤੁਹਾਡਾ ਇਹ ਸਿਸਟਮ ਕਿਸੇ ਸਿਹਤ ਦੀ ਹਾਲਤ ਜਾਂ ਦਵਾਈਆਂ ਕਰਕੇ ਕਮਜ਼ੋਰ ਹੋ ਸਕਦਾ ਹੈ);
- ✓ 18 ਤੋਂ 59 ਸਾਲ ਦੇ ਹੋ ਅਤੇ ਤੁਹਾਡੇ ਵਿੱਚ ਕੋਵਿਡ-19 ਤੋਂ ਬਚਾਅ ਦੀ ਕਾਫੀ ਸਮਰੱਥਾ ਨਹੀਂ ਹੈ (ਉਦਾਹਰਨ ਲਈ ਤੁਸੀਂ ਵੈਕਸੀਨ ਨਹੀਂ ਲਵਾਏ ਜਾਂ ਤੁਹਾਨੂੰ ਵੈਕਸੀਨ ਦਾ ਟੀਕਾ ਲਵਾਏ ਨੂੰ ਜਾਂ ਕੋਵਿਡ-19 ਤੋਂ ਬੀਮਾਰ ਹੋਇਆਂ ਨੂੰ ਛੇ ਮਹੀਨਿਆਂ ਤੋਂ ਜ਼ਿਆਦਾ ਸਮਾਂ ਹੋ ਗਿਆ ਹੈ)
- ✓ 18-59 ਸਾਲ ਦੇ ਹੋ ਅਤੇ ਤੁਹਾਡੇ ਵਿੱਚ ਇਕ ਜਾਂ ਵੱਧ ਮੈਡੀਕਲ ਹਾਲਤਾਂ ਹਨ ਜੋ ਤੁਹਾਨੂੰ ਕੋਵਿਡ-19 ਹੋਣ ਦਾ ਜ਼ਿਆਦਾ ਖਤਰਾ ਬਣਾ ਦਿੰਦੀਆਂ ਹਨ। ਤੁਹਾਨੂੰ ਗੰਭੀਰ ਰੂਪ ਵਿੱਚ ਕੋਵਿਡ-19 ਹੋਣ ਦਾ ਵੱਧ ਖਤਰਾ ਪੈਦਾ ਕਰਨ ਵਾਲੀਆਂ ਕੁੱਝ ਮੈਡੀਕਲ ਹਾਲਤਾਂ ਇਸ ਪ੍ਰਕਾਰ ਹਨ:

- ਕੈਂਸਰ
- ਸੈਰੀਬਰੋਵੈਸਕੁਲਰ ਬੀਮਾਰੀ (ਜਿਵੇਂ ਸਟਰੋਕ)
- ਗੁਰਦਿਆਂ ਦੀ ਬੀਮਾਰੀ
- ਜਿਗਰ (ਲਿਵਰ) ਦੀ ਬੀਮਾਰੀ
- ਫੇਫੜਿਆਂ ਦੀ ਬੀਮਾਰੀ
- ਸਿਸਟਕ ਫਾਇਬਰੋਸਿਸ
- ਡਾਇਬੀਟੀਜ਼
- ਤੁਹਾਡੇ ਕੋਲ ਅਪਾਹਜਤਾ ਹੈ
- ਦਿਲ ਦੀਆਂ ਬੀਮਾਰੀਆਂ
- ਐੱਚ ਆਈ ਵੀ ਇਨਫੈਕਸ਼ਨ
- ਕਈ ਮਾਨਸਿਕ ਸਿਹਤ ਦੇ ਵਿਗਾੜ
- ਮੋਟਾਪਾ
- ਗਰਭਵਤੀ ਹੋਣਾ ਅਤੇ ਨਵਾਂ ਗਰਭ
- ਸਿਗਰਟਾਂ ਪੀਣਾ (ਮੌਜੂਦਾ ਸਮੇਂ ਵਿੱਚ ਜਾਂ ਪਹਿਲਾਂ)
- ਤਪਦਿਕ (ਟੀ. ਬੀ.)

**ਜੇ ਤੁਸੀਂ ਸੋਚਦੇ ਹੋ ਕਿ ਤੁਹਾਨੂੰ ਕੋਵਿਡ-19 ਤੋਂ ਗੰਭੀਰ ਬੀਮਾਰੀ ਹੋਣ ਦਾ ਜ਼ਿਆਦਾ ਖਤਰਾ ਹੈ ਤਾਂ ਵੱਖ ਵੱਖ ਉਪਾਵਾਂ ਬਾਰੇ ਵਿਚਾਰ ਕਰਨ ਲਈ ਕਿਸੇ ਸਿਹਤ-ਸੰਭਾਲ ਪ੍ਰਦਾਨ ਕਰਨ ਵਾਲੇ ਨਾਲ ਗੱਲ ਕਰੋ।**

Ontario Health

## ਮੇਰਾ ਖਿਆਲ ਹੈ ਕਿ ਮੈਨੂੰ ਕੋਵਿਡ-19 ਹੈ। ਮੈਂ ਪੈਕਸਲਵਿਡ ਕਿਵੇਂ ਲੈ ਸਕਦਾ/ਸਕਦੀ ਹਾਂ?

ਤੁਸੀਂ ਇਸ ਸਾਈਟ `ਤੇ ਜਾ ਕੇ ਆਪਣੇ ਲੱਛਣ ਚੈੱਕ ਕਰ ਸਕਦੇ ਹੋ: **covid-19.ontario.ca/exposed#symptoms**

ਜੇ ਤੁਸੀਂ ਸੋਚਦੇ ਹੋ ਕਿ ਤੁਹਾਨੂੰ ਗੰਭੀਰ ਬੀਮਾਰੀ ਹੋਣ ਦਾ ਜ਼ਿਆਦਾ ਖਤਰਾ ਹੈ ਅਤੇ ਤੁਹਾਡੇ ਵਿੱਚ ਕੋਵਿਡ-19 ਦੇ ਲੱਛਣ ਹਨ, ਤਾਂ ਤੁਸੀਂ:

- ਆਪਣੀ ਫਾਰਮੇਸੀ ਨਾਲ ਸੰਪਰਕ ਕਰ ਸਕਦੇ ਹੋ (ਬਹੁਤ ਸਾਰੇ ਫਾਰਮਾਸਿਸਟ ਪੈਕਸਲਵਿਡ ਦੇ ਸਕਦੇ ਹਨ)
- ਆਪਣੇ ਮੁਢਲੀ ਸੰਭਾਲ ਦੇਣ ਵਾਲੇ (ਫੈਮਿਲੀ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ) ਨਾਲ ਸੰਪਰਕ ਕਰ ਸਕਦੇ ਹੋ

ਜੇ ਤੁਹਾਡੇ ਕੋਈ ਸਵਾਲ ਹੋਣ ਜਾਂ ਤੁਹਾਨੂੰ ਮਦਦ ਚਾਹੀਦੀ ਹੋਵੇ ਤਾਂ ਤੁਸੀਂ Health811 ਨੂੰ ਵੀ ਸੰਪਰਕ ਕਰ ਸਕਦੇ ਹੋ। ਆਨਲਾਈਨ ਨਰਸ ਨਾਲ ਗੱਲ ਕਰਨ ਲਈ 811 `ਤੇ ਕਾਲ ਕਰੋ ਜਾਂ **ontario.ca/health811** `ਤੇ ਜਾਉ।

ਜੇ ਇਹ ਤੁਹਾਡੇ ਲਈ ਠੀਕ ਹੋਵੇ ਤਾਂ Health811 ਤੁਹਾਨੂੰ ਕਿਸੇ ਵਰਚੂਅਲ ਕੇਅਰ ਕਨਸਲਟੈਂਟ ਨਾਲ ਜੋੜ ਸਕਦੀ ਹੈ।

**ਜਦੋਂ ਤੁਹਾਡੇ ਵਿੱਚ ਲੱਛਣ ਜ਼ਾਹਰ ਹੋਣ ਤਾਂ ਛੇਤੀ ਤੋਂ ਛੇਤੀ ਆਪਣੇ ਸਿਹਤ ਸੰਭਾਲ ਪ੍ਰਦਾਨ ਕਰਨ ਵਾਲੇ ਨਾਲ ਗੱਲ ਕਰਨੀ ਮਹੱਤਵਪੂਰਨ ਹੈ।** ਪੈਕਸਲਵਿਡ ਵਲੋਂ ਚੰਗੀ ਤਰ੍ਹਾਂ ਕੰਮ ਕਰਨ ਲਈ ਇਸ ਨੂੰ ਲੱਛਣ ਜ਼ਾਹਰ ਹੋਣ ਤੋਂ ਬਾਅਦ ਪੰਜ ਦਿਨਾਂ ਦੇ ਅੰਦਰ ਅੰਦਰ ਲੈਣਾ ਸ਼ੁਰੂ ਕਰਨਾ ਜ਼ਰੂਰੀ ਹੈ।

ਜੇ ਤੁਹਾਡੇ ਲੱਛਣ ਗੰਭੀਰ ਹੋਣ, ਤਾਂ 911 ਨੂੰ ਕਾਲ ਕਰੋ ਜਾਂ ਐਮਰਜੰਸੀ ਡਿਪਾਰਟਮੈਂਟ ਨੂੰ ਜਾਉ। ਗੰਭੀਰ ਲੱਛਣਾਂ ਵਿੱਚ ਸ਼ਾਮਲ ਹਨ:

- ਸਾਹ ਲੈਣ ਵਿੱਚ ਮੁਸ਼ਕਿਲ
- ਛਾਤੀ ਵਿੱਚ ਦਰਦ
- ਬੇਹੋਸ਼ ਹੋ ਜਾਣਾ
- ਭੁਚਲਾਹਟ (ਕਨਫਿਊਜ਼ਨ) ਹੋਣਾ

## ਜਦੋਂ ਮੈਂ ਆਪਣੇ ਸਿਹਤ ਸੰਭਾਲ ਪ੍ਰਦਾਨ ਕਰਨ ਵਾਲੇ ਨਾਲ ਪੈਕਸਲਵਿਡ ਬਾਰੇ ਗੱਲ ਕਰਨ ਜਾਵਾਂ ਤਾਂ ਮੈਨੂੰ ਕਿਹੜੀ ਜਾਣਕਾਰੀ ਨਾਲ ਲੈ ਕੇ ਜਾਣ ਦੀ ਲੋੜ ਹੈ?

ਸਿਹਤ ਸੰਭਾਲ ਪ੍ਰਦਾਨ ਕਰਨ ਵਾਲੇ ਨਾਲ ਗੱਲ ਕਰਨ ਸਮੇਂ, ਤੁਹਾਨੂੰ ਅੱਗੇ ਦਿੱਤੀਆਂ ਚੀਜ਼ਾਂ ਨਾਲ ਲਿਆਉਣੀਆਂ ਚਾਹੀਦੀਆਂ ਹਨ:

- ਤੁਹਾਡੇ ਵਲੋਂ ਲਈਆਂ ਜਾ ਰਹੀਆਂ ਸਾਰੀਆਂ ਦਵਾਈਆਂ ਦੀ ਸੂਚੀ, ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆਂ ਦਵਾਈਆਂ, ਕਾਊਂਟਰ ਤੋਂ ਮਿਲਣ ਵਾਲੀਆਂ ਦਵਾਈਆਂ, ਵਿਟਾਮਿਨ, ਅਤੇ ਹਰਬਲ ਸਪਲੀਮੈਂਟਾਂ ਸਮੇਤ
- ਆਪਣੀਆਂ ਮੈਡੀਕਲ ਹਾਲਤਾਂ ਦੀ ਸੂਚੀ
- ਜੇ ਤੁਹਾਡੇ ਕੋਲ ਹੋਵੇ ਤਾਂ ਹੁਣੇ ਜਿਹੇ ਕਰਵਾਏ ਖ਼ੂਨ ਦੇ ਟੈੱਸਟਾਂ ਦੀ ਕਾਪੀ

ਜੇ ਤੁਹਾਨੂੰ ਕੋਈ ਅਲਰਜੀ ਹੋਵੇ, ਜਿਗਰ (ਲਿਵਰ) ਜਾਂ ਗੁਰਦੇ ਦੀ ਬੀਮਾਰੀ ਹੋਵੇ ਜਾਂ ਜੇ ਤੁਸੀਂ ਗਰਭਵਤੀ ਹੋਵੋ ਜਾਂ ਬੱਚੇ ਨੂੰ ਆਪਣਾ ਦੁੱਧ ਚੁੰਘਾ ਰਹੇ ਹੋਵੋ ਜਾਂ ਗਰਭ ਹੋਣ ਤੋਂ ਰੋਕਣ ਲਈ ਹਾਰਮੋਨਲ ਬਰਥ ਕੰਟਰੋਲ (ਜਿਵੇਂ ਬਰਥ ਕੰਟਰੋਲ ਦੀਆਂ ਗੋਲੀਆਂ ਜਾਂ ਪੈਚਜ਼) ਦੀ ਵਰਤੋਂ ਕਰ ਰਹੇ ਹੋਵੋ ਤਾਂ ਇਸ ਬਾਰੇ ਆਪਣੇ ਸਿਹਤ ਸੰਭਾਲ ਪ੍ਰਦਾਨ ਕਰਨ ਵਾਲੇ ਨੂੰ ਦੱਸੋ।

## ਪੈਕਸਲਵਿਡ ਲੈਣ ਲਈ ਕੀ ਮੈਨੂੰ ਕੋਵਿਡ-19 ਦਾ ਟੈੱਸਟ ਕਰਵਾਉਣ ਦੀ ਲੋੜ ਹੈ?

ਪੈਕਸਲਵਿਡ ਲੈਣ ਲਈ ਤੁਹਾਨੂੰ ਕੋਵਿਡ-19 ਦੇ ਪੌਜ਼ੇਟਿਵ ਟੈੱਸਟ ਦੀ ਲੋੜ ਹੈ। ਇਹ ਪੀ ਸੀ ਆਰ, ਰੈਪਿਡ ਮੌਲੀਕੂਲਰ ਟੈੱਸਟ ਜਾਂ ਰੈਪਿਡ ਐਂਟੀਜਨ ਟੈੱਸਟ ਹੋ ਸਕਦਾ ਹੈ (ਬੇਸ਼ੱਕ ਇਹ ਘਰ ਹੀ ਕੀਤਾ ਗਿਆ ਹੋਵੇ)।

**ਕਿਸੇ ਸਿਹਤ ਸੰਭਾਲ ਪ੍ਰਦਾਨ ਕਰਨ ਵਾਲੇ ਨਾਲ ਪੈਕਸਲਵਿਡ ਬਾਰੇ ਗੱਲ ਕਰਨ ਤੋਂ ਪਹਿਲਾਂ ਤੁਹਾਨੂੰ ਪੌਜ਼ੇਟਿਵ ਟੈੱਸਟ ਦੀ ਲੋੜ ਨਹੀਂ ਹੈ।** ਜੇ ਤੁਹਾਨੂੰ ਲੋੜ ਹੋਵੇ ਤਾਂ ਉਹ ਟੈੱਸਟ ਕਰਵਾਉਣ ਵਿੱਚ ਤੁਹਾਡੀ ਮਦਦ ਕਰਨਗੇ।

## ਕੀ ਪੈਕਸਲਵਿਡ ਮੁਫਤ ਹੈ?

ਕਿਸੇ ਸਿਹਤ ਸੰਭਾਲ ਪ੍ਰਦਾਨ ਕਰਨ ਵਾਲੇ ਵਲੋਂ ਲਿਖ ਕੇ ਦਿੱਤੀ ਪਰਚੀ (ਪ੍ਰਿਸਕਰਿਪਸ਼ਨ) ਨਾਲ ਪੈਕਸਲਵਿਡ ਮੁਫਤ ਮਿਲਦੀ ਹੈ। ਪੈਕਸਲਵਿਡ ਲੈਣ ਲਈ ਤੁਹਾਨੂੰ ਓ ਐੱਚ ਆਈ ਪੀ ਕਾਰਡ ਦੀ ਲੋੜ ਨਹੀਂ ਹੈ।

## ਮੈਂ ਪੈਕਸਲਵਿਡ ਕਿਵੇਂ ਲੈਣੀ ਹੈ?

ਪੈਕਸਲਵਿਡ ਮੂੰਹ ਰਾਹੀਂ ਦਿਨ ਵਿੱਚ ਦੋ ਵਾਰੀ ਪੰਜਾਂ ਦਿਨਾਂ ਲਈ ਲਈ ਜਾਂਦੀ ਹੈ।
ਪੈਕਸਲਵਿਡ ਇਕ ਪੈਕਜ ਵਿੱਚ ਆਉਂਦੀ ਹੈ ਜਿਸ ਵਿੱਚ ਇਕ ਸਵੇਰ ਦੀ ਅਤੇ ਇਕ ਸ਼ਾਮ ਦੀ ਖੁਰਾਕ ਹੁੰਦੀ ਹੈ। ਹਰ ਇਕ ਖੁਰਾਕ ਵਿੱਚ ਨਿਰਮਾਟਰੈਲਵੀਰ ਦੀਆਂ 2 ਗੋਲੀਆਂ (ਗੁਲਾਬੀ ਗੋਲੀਆਂ) ਅਤੇ ਰੀਟੋਨਾਵੀਰ ਦੀ 1 ਗੋਲੀ (ਚਿੱਟੀ ਗੋਲੀ) ਹੁੰਦੀ ਹੈ।

ਹੋ ਸਕਦਾ ਹੈ ਕਿ ਗੁਰਦੇ ਦੀ ਬੀਮਾਰੀ ਵਾਲੇ ਲੋਕਾਂ ਨੂੰ ਖੁਰਾਕ ਦੀ ਘੱਟ ਮਾਤਰਾ ਦਿੱਤੀ ਜਾਵੇ।

ਤੁਹਾਡੇ ਲਈ ਪੂਰੇ 5 ਦਿਨਾਂ ਲਈ ਸਵੇਰ ਦੀਆਂ ਤਿੰਨ ਗੋਲੀਆਂ ਅਤੇ ਸ਼ਾਮ ਦੀਆਂ ਤਿੰਨ ਗੋਲੀਆਂ ਨੂੰ ਇਕੋ ਸਮੇਂ ਲੈਣਾ ਜ਼ਰੂਰੀ ਹੈ। ਪੈਕਸਲਵਿਡ ਖਾਣੇ ਦੇ ਨਾਲ ਜਾਂ ਬਿਨਾਂ ਖਾਣੇ ਤੋਂ ਲਈ ਜਾ ਸਕਦੀ ਹੈ।

ਜੇ ਤੁਸੀਂ ਪੈਕਸਲਵਿਡ ਦੀ ਖੁਰਾਕ ਲੈਣਾ ਭੁੱਲ ਜਾਉ ਅਤੇ ਜੇ ਇਹ ਇਸ ਨੂੰ ਲੈਣ ਦੇ ਆਮ ਸਮੇਂ ਤੋਂ ਬਾਅਦ ਦੇ 8 ਘੰਟਿਆਂ ਦੇ ਵਿੱਚ ਵਿੱਚ ਹੋਵੇ, ਤਾਂ ਇਸ ਨੂੰ ਉਦੋਂ

ਇਕਦਮ ਲੈ ਲਵੋ ਜਦੋਂ ਤੁਹਾਨੂੰ ਇਸ ਨੂੰ ਲੈਣ ਦੀ ਯਾਦ ਆਵੇ। ਜੇ ਤੁਹਾਨੂੰ ਖੁਰਾਕ ਲੈਣੀ ਭੁੱਲ ਜਾਣ ਨੂੰ 8 ਘੰਟਿਆਂ ਤੋਂ ਜ਼ਿਆਦਾ ਸਮਾਂ ਹੋ ਜਾਵੇ ਤਾਂ ਖੁੰਝੀ ਹੋਈ ਖੁਰਾਕ ਨੂੰ ਛੱਡ ਦਿਉ ਅਤੇ ਅਗਲੀ ਖੁਰਾਕ ਨੂੰ ਆਪਣੇ ਮਿੱਥੇ ਸਮੇਂ `ਤੇ ਲੈ ਲਵੋ। ਪੈਕਸਲਵਿਡ ਦੀਆਂ 2 ਖੁਰਾਕਾਂ (6 ਗੋਲੀਆਂ) ਇੱਕੋ ਸਮੇਂ ਤਾਂ ਨਾ ਲਉ।

ਸਦਾ ਪੈਕਸਲਵਿਡ ਨੂੰ ਉਸ ਢੰਗ ਨਾਲ ਲਵੋ ਜਿਸ ਤਰ੍ਹਾਂ ਲੈਣ ਲਈ ਤੁਹਾਨੂੰ ਸਿਹਤ ਸੰਭਾਲ ਪ੍ਰਦਾਨ ਕਰਨ ਵਾਲੇ ਨੇ ਕਿਹਾ ਹੋਵੇ।

**ਪੈਕਸਲਵਿਡ ਲੈਂਦੇ ਸਮੇਂ ਵੀ ਤੁਸੀਂ ਅਗਾਂਹ ਇਨਫੈਕਸ਼ਨ ਲਾਉਣ ਦੇ ਯੋਗ ਹੁੰਦੇ ਹੋ, ਇਸ ਲਈ ਇਨਫੈਕਸ਼ਨ ਫੈਲਾਉਣ ਤੋਂ ਰੋਕਥਾਮ ਕਰਨ ਲਈ ਤੁਹਾਨੂੰ ਪਬਲਿਕ ਹੈਲਥ ਦੇ ਉਪਾਵਾਂ ਦੀ ਪਾਲਣਾ ਕਰਨੀ ਚਾਹੀਦੀ ਹੈ।** ਮੌਜੂਦਾ ਸਮੇਂ ਦੇ ਪਬਲਿਕ ਹੈਲਥ ਦੇ ਉਪਾਵਾਂ ਬਾਰੇ ਇੱਥੇ ਪੜ੍ਹੋ:
**https://www.ontario.ca/page/public-health-measures-and-advice**

## ਪੈਕਸਲਵਿਡ ਦੇ ਸੰਭਾਵੀ ਸਾਈਡ ਇਫੈਕਟਸ (ਮਾੜੇ ਅਸਰ) ਕੀ ਹਨ?

ਪੈਕਸਲਵਿਡ ਲੈਂਦੇ ਸਮੇਂ ਤੁਹਾਨੂੰ ਹੇਠਾਂ ਦਿੱਤੇ ਸਾਈਡ ਇਫੈਕਟਸ (ਮਾੜੇ ਅਸਰ) ਹੋ ਸਕਦੇ ਹਨ:

- ਸੁਆਦ ਵਿੱਚ ਤਬਦੀਲੀ
- ਟੱਟੀਆਂ ਲੱਗਣਾ
- ਹਾਈ ਬਲੱਡ ਪ੍ਰੈਸ਼ਰ
- ਪੱਠਿਆਂ ਵਿੱਚ ਦਰਦ
- ਪੇਟ ਵਿੱਚ ਦਰਦ
- ਜੀਅ ਕੱਚਾ ਹੋਣਾ
- ਆਮ ਤੌਰ `ਤੇ ਠੀਕ ਮਹਿਸੂਸ ਨਾ ਕਰਨਾ

ਤੁਹਾਡੇ ਵਿੱਚ ਹੋਰ ਸਾਈਡ ਇਫੈਕਟਸ (ਮਾੜੇ ਅਸਰ) ਨਜ਼ਰ ਆ ਸਕਦੇ ਹਨ। ਜੇ ਤੁਹਾਨੂੰ ਸਾਈਡ ਇਫੈਕਟਸ (ਮਾੜੇ ਅਸਰ) ਤੰਗ ਕਰ ਰਹੇ ਹੋਣ ਜਾਂ ਖਤਮ ਨਾ ਹੋ ਰਹੇ ਹੋਣ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਨ ਕਰਨ ਵਾਲੇ ਨਾਲ ਗੱਲ ਕਰੋ।

ਪੈਕਸਲਵਿਡ ਦੇ ਹੋਰ ਵਿਰਲੇ ਪਰ ਸੰਭਵ ਸਾਈਡ ਇਫੈਕਟਸ (ਮਾੜੇ ਅਸਰ) ਹਨ:

**ਅਲਰਜੀ ਦਾ ਰਿਐਕਸ਼ਨ।** ਜੇ ਤੁਹਾਡੇ ਵਿੱਚ ਅਲਰਜੀ ਦੇ ਰੀਐਕਸ਼ਨ ਦੇ ਅੱਗੇ ਦਿੱਤਿਆਂ ਲੱਛਣਾਂ ਵਿੱਚੋਂ ਕੋਈ ਇਕ ਲੱਛਣ ਦਿਖਾਈ ਦੇਵੇ ਤਾਂ ਪੈਕਸਲਵਿਡ ਲੈਣੀ ਬੰਦ ਕਰ ਦਿਉ ਅਤੇ ਇਕਦਮ ਆਪਣੇ ਸਿਹਤ ਸੰਭਾਲ ਪ੍ਰਦਾਨ ਕਰਨ ਵਾਲੇ ਨੂੰ ਕਾਲ ਕਰੋ: ਤੁਹਾਡੀ ਚਮੜੀ `ਤੇ ਖੁਰਕ (ਛਪਾਕੀ), ਨਿਗਲਨ ਜਾਂ ਸਾਹ ਲੈਣ ਵਿੱਚ ਮੁਸ਼ਕਿਲ, ਬੁੱਲਾਂ, ਚਿਹਰੇ ਜਾਂ ਜੀਭ ਦਾ ਸੁੱਜਣਾ, ਗਲ ਘੁੱਟ ਹੋਣਾ ਜਾਂ ਘੱਗਾ ਹੋਣਾ।

**ਜਿਗਰ (ਲਿਵਰ) ਦੀਆਂ ਸਮੱਸਿਆਵਾਂ:** ਜੇ ਤੁਹਾਡੇ ਵਿੱਚ ਜਿਗਰ (ਲਿਵਰ) ਦੀਆਂ ਸਮੱਸਿਆਵਾਂ ਦੇ ਅੱਗੇ ਦਿੱਤੇ ਸੰਕੇਤਾਂ ਜਾਂ ਲੱਛਣਾ ਵਿੱਚੋਂ ਕੋਈ ਇਕ ਲੱਛਣ ਦਿਖਾਈ ਦੇਵੇ ਤਾਂ ਇਸ ਬਾਰੇ ਇਕਦਮ ਆਪਣੇ ਸਿਹਤ ਸੰਭਾਲ ਪ੍ਰਦਾਨ ਕਰਨ ਵਾਲੇ ਨੂੰ ਦੱਸੋ: ਚਮੜੀ ਜਾਂ ਅੱਖਾਂ ਦਾ ਪੀਲਾ ਹੋਣਾ (ਪੀਲੀਆ-ਜਾਂਡਿਸ), ਆਮ ਤੌਰ `ਤੇ ਗਾੜ੍ਹੇ ਰੰਗ ਦਾ ਪਿਸ਼ਾਬ, ਤੁਹਾਡੇ ਢਿੱਡ ਦੇ ਸੱਜੇ ਪਾਸੇ ਨਵੀਂ ਦਰਦ ਸ਼ੁਰੂ ਹੋਣਾ।

**ਐੱਚ ਆਈ ਵੀ ਦੀਆਂ ਦਵਾਈਆਂ ਦੇ ਕੰਮ ਕਰਨ ਵਿੱਚ ਰੁਕਾਵਟ:** ਜੇ ਤੁਹਾਡੇ ਵਿੱਚ ਐੱਚ ਆਈ ਵੀ ਦੀ ਇਨਫੈਕਸ਼ਨ ਅਤੇ ਉਸ ਦਾ ਇਲਾਜ ਨਾ ਕੀਤਾ ਗਿਆ ਹੋਵੇ ਤਾਂ ਹੋ ਸਕਦਾ ਹੈ ਕਿ ਪੈਕਸਲਵਿਡ ਕਾਰਨ ਕੁੱਝ ਐੱਚ ਆਈ ਵੀ ਦੀਆਂ ਦਵਾਈਆਂ ਭਵਿੱਖ ਵਿੱਚ ਚੰਗੀ ਤਰ੍ਹਾਂ ਕੰਮ ਨਾ ਕਰਨ।

## ਕੀ ਮੈਂ ਹੋਰ ਦਵਾਈਆਂ ਲੈਂਦਾ/ਲੈਂਦੀ ਪੈਕਸਲਵਿਡ ਲੈ ਸਕਦਾ/ਸਕਦੀ ਹਾਂ?

ਪੈਕਸਲਵਿਡ ਆਮ ਤੌਰ `ਤੇ ਵਰਤੀਆਂ ਜਾਂਦੀਆਂ ਕਈ ਦਵਾਈਆਂ ਅਤੇ ਸਪਲੀਮੈਂਟਾਂ `ਤੇ ਅਸਰ ਕਰ ਸਕਦੀ ਹੈ। ਹੋ ਸਕਦਾ ਹੈ ਕਿ ਕੋਈ ਸਿਹਤ ਸੰਭਾਲ ਪ੍ਰਦਾਨ ਕਰਨ ਵਾਲਾ (ਉਦਾਹਰਨ ਲਈ ਕੋਈ ਫਾਰਮਾਸਿਸਟ) ਤੁਹਾਡੀਆਂ ਦਵਾਈਆਂ ਵਿੱਚ ਤਬਦੀਲੀਆਂ ਕਰੇ ਤਾਂ ਕਿ ਤੁਸੀਂ ਸੁਰੱਖਿਆ ਨਾਲ ਪੈਕਸਲਵਿਡ ਲੈ ਸਕੋ।

ਪੈਕਸਲਵਿਡ ਗਰਭ ਰੋਕਣ ਵਾਲੀਆਂ ਹਾਰਮੋਨਲ ਦਵਾਈਆਂ `ਤੇ ਵੀ ਅਸਰ ਕਰ ਸਕਦੀ ਹੈ। ਪੈਕਸਲਵਿਡ ਲੈਂਦੇ ਸਮੇਂ ਤੁਹਾਨੂੰ ਗਰਭ ਰੋਕਣ ਦੇ ਹੋਰ ਢੰਗ (ਜਿਵੇਂ ਨਿਰੋਧ ਵਰਤਣਾ ਜਾਂ ਸੈਕਸ ਨਾ ਕਰਨਾ) ਵਰਤਣੇ ਚਾਹੀਦੇ ਹਨ।

## ਜੇ ਮੇਰੇ ਕੋਵਿਡ-19 ਦੇ ਲੱਛਣ ਹੋਰ ਬਦਤਰ ਹੋ ਜਾਣ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ 5 ਦਿਨਾਂ ਬਾਅਦ ਤੁਸੀਂ ਠੀਕ ਮਹਿਸੂਸ ਨਾ ਕਰੋ ਜਾਂ ਤੁਸੀਂ ਹੋਰ ਬਦਤਰ ਮਹਿਸੂਸ ਕਰੋ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਨ ਕਰਨ ਵਾਲੇ ਨਾਲ ਗੱਲ ਕਰੋ।

ਜੇ ਤੁਹਾਡੇ ਲੱਛਣ ਗੰਭੀਰ ਹੋ ਜਾਣ ਤਾਂ 911 ਨੂੰ ਕਾਲ ਕਰੋ ਜਾਂ ਐਮਰਜੰਸੀ ਡਿਪਾਰਟਮੈਂਟ ਨੂੰ ਜਾਉ। ਗੰਭੀਰ ਲੱਛਣਾਂ ਵਿੱਚ ਸ਼ਾਮਲ ਹਨ:

- ਸਾਹ ਲੈਣ ਵਿੱਚ ਮੁਸ਼ਕਿਲ
- ਛਾਤੀ ਵਿੱਚ ਦਰਦ
- ਬੇਹੋਸ਼ ਹੋ ਜਾਣਾ
- ਭੁਚਲਾਹਟ ਹੋਣਾ

ਇਹ ਜਾਣਕਾਰੀ ਜਨਵਰੀ 2023 ਤੋਂ ਸਹੀ ਹੈ।

**ਕੀ ਤੁਹਾਨੂੰ ਇਸ ਜਾਣਕਾਰੀ ਦੀ ਪਹੁੰਚਯੋਗ ਰੂਪ ਵਿੱਚ ਲੋੜ ਹੈ?**

1-877-280-8538, TTY 1-800-855-0511, info@ontariohealth.ca

Publication No. 301221 (Punjabi)
ISBN No. 978-1-4868-6852-0 (PDF)
© King's Printer for Ontario, 2023.